# ਬੇਰੁਜ਼ਗਾਰੀ ਲਾਭ ਅਤੇ ਸਿਹਤ ਬੀਮੇ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

*ਇਸ ਪ੍ਰਕਾਸ਼ਨ ਵਿੱਚ 19 ਮਾਰਚ 2020* ਦੀ ਜਾਣਕਾਰੀ ਅਤੇ ਮਾਰਗ-ਦਰਸ਼ਨ ਸ਼ਾਮਲ ਹੈ।

## ਬੇਰੁਜ਼ਗਾਰੀ ਬੀਮਾ

### ਰੁਜ਼ਗਾਰਦਾਤਾ ਦੁਆਰਾ ਕੰਮਬੰਦੀ ਕਰਨ ਦੇ ਕਾਰਨ ਬੇਰੁਜ਼ਗਾਰੀ ਬੀਮਾ ਪ੍ਰਾਪਤ ਕਰਨ ਦੇ ਕੌਣ ਯੋਗ ਹੁੰਦਾ ਹੈ?

ਉਹ ਕਰਮਚਾਰੀ ਜਿਸਨੂੰ ਨੌਕਰੀ ਤੋਂ ਕੱਢਿਆ ਗਿਆ ਹੈ ਜਾਂ ਜਿਸਦਾ ਕੰਮ ਦਾ ਸਮਾਂ ਘਟਾਇਆ ਗਿਆ ਹੈ, ਸੂਬੇ ਤੋਂ ਬੇਰੁਜ਼ਗਾਰੀ ਬੀਮੇ ਦੀ ਅਰਜ਼ੀ ਦੇਣ ਦੇ ਯੋਗ ਹੈ, ਇਸ ਤੋਂ ਬੇਪਰਵਾਹ ਕਿ ਰੁਜ਼ਗਾਰਦਾਤਾ ਭਵਿੱਖ ਵਿੱਚ ਦੁਬਾਰਾ ਕੰਮ ਖੋਲ੍ਹਣ ਦਾ ਇਰਾਦਾ ਰੱਖਦਾ ਹੈ।

### ਕੀ ਇੱਕ ਸੁਤੰਤਰ ਠੇਕੇਦਾਰ, ਬੇਰੁਜ਼ਗਾਰੀ ਬੀਮੇ ਦੇ ਲਾਭ ਪ੍ਰਾਪਤ ਕਰਨ ਦੇ ਯੋਗ ਹੈ?

ਨਹੀਂ। ਇੱਕ ਸੁਤੰਤਰ ਠੇਕੇਦਾਰ, ਬੇਰੁਜ਼ਗਾਰੀ ਬੀਮੇ ਦੇ ਲਾਭ ਪ੍ਰਾਪਤ ਕਰਨ ਦੇ ਯੋਗ ਨਹੀਂ ਹੈ। ਆਮ ਤੌਰ 'ਤੇ, ਜੇ ਵਰਕਰ ਦੇ ਭੁਗਤਾਨ-ਕਰਤਾ ਕੋਲ ਸਿਰਫ਼ ਕੰਮ ਦੇ ਨਤੀਜੇ ਨੂੰ (ਨਾ ਕਿ ਕੰਮ ਕਰਨ ਦੇ ਤਰੀਕੇ ਨੂੰ) ਨਿਯੰਤ੍ਰਿਤ ਜਾਂ ਨਿਰਦੇਸ਼ਿਤ ਕਰਨ ਦਾ ਅਧਿਕਾਰ ਹੁੰਦਾ ਹੈ, ਤਾਂ ਵਰਕਰ ਇੱਕ ਸੁਤੰਤਰ ਠੇਕੇਦਾਰ ਹੁੰਦਾ ਹੈ।

ਵਰਕਰ ਦਾ "ਸੁਤੰਤਰ ਠੇਕੇਦਾਰ" ਜਾਂ "ਕਰਮਚਾਰੀ" ਹੋਣਾ ਹਰੇਕ ਮਾਮਲੇ ਦੇ ਤੱਥਾਂ ਉੱਤੇ ਨਿਰਭਰ ਕਰਦਾ ਹੈ। ਜੇ ਤੁਹਾਡਾ ਮੰਨਣਾ ਹੈ ਕਿ ਤੁਹਾਨੂੰ ਇੱਕ ਸੁਤੰਤਰ ਠੇਕੇਦਾਰ ਵਜੋਂ ਗਲਤ ਤਰੀਕੇ ਨਾਲ ਵਰਗੀਕ੍ਰਿਤ ਕੀਤਾ ਗਿਆ ਹੈ ਜਦੋਂ ਤੁਹਾਨੂੰ ਇੱਕ ਕਰਮਚਾਰੀ ਵਜੋਂ ਵਰਗੀਕ੍ਰਿਤ ਕੀਤਾ ਜਾਣਾ ਚਾਹੀਦਾ ਸੀ, ਤਾਂ ਤੁਹਾਨੂੰ ਵਕੀਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਤੁਸੀਂ ਬੇਰੁਜ਼ਗਾਰੀ ਬੀਮਾ ਲਾਭਾਂ ਲਈ ਵੀ ਫਾਈਲ ਕਰ ਸਕਦੇ ਹੋ ਅਤੇ ਸੂਬਾ ਨਿਰਧਾਰਿਤ ਕਰੇਗਾ ਕਿ ਤੁਸੀਂ ਪਾਤਰ ਹੋ ਜਾਂ ਨਹੀਂ।

### ਇੱਕ ਵਿਅਕਤੀ ਲਈ ਬੇਰੁਜ਼ਗਾਰੀ ਬੀਮਾ ਪ੍ਰਾਪਤ ਕਰਨ ਲਈ ਕਿਹੜੇ ਕਦਮ ਚੁੱਕਣੇ ਲਾਜ਼ਮੀ ਹਨ?

ਬੇਰੁਜ਼ਗਾਰੀ ਬੀਮਾ ਪ੍ਰਾਪਤ ਕਰਨ ਲਈ, ਵਿਅਕਤੀ ਲਈ New York State Department of Labor ਨੂੰ ਅਰਜ਼ੀ ਜਮ੍ਹਾਂ ਕਰਨੀ ਲਾਜ਼ਮੀ ਹੈ। ਅਰਜ਼ੀ ਦੇਣ ਦੇ ਦੋ ਤਰੀਕੇ ਹਨ:

ਹੇਠਲੇ ਸਮੇਂ ਦੌਰਾਨ ny.gov/services/get-unemployment-assistance 'ਤੇ ਜਾ ਕੇ ਆਨਲਾਈਨ ਅਰਜ਼ੀ ਦਿਓ:

- ਸੋਮਵਾਰ – ਵੀਰਵਾਰ: ਸਵੇਰੇ 7:30 ਵਜੇ – ਸ਼ਾਮ 7:30 ਵਜੇ ਤਕ
- ਸ਼ੁੱਕਰਵਾਰ: ਸਵੇਰੇ 7:30 ਵਜੇ – ਸ਼ਾਮ 5 ਵਜੇ ਤਕ।
- ਸ਼ਨੀਵਾਰ: ਕਿਸੇ ਵੀ ਸਮੇਂ
- ਐਤਵਾਰ: ਸ਼ਾਮ 7 ਵਜੇ ਤਕ

ਇਨ੍ਹਾਂ ਵਧਾਏ ਗਏ ਘੰਟਿਆਂ ਦੌਰਾਨ 1-888-209-8124 'ਤੇ ਟੈਲੀਫੋਨ ਰਾਹੀਂ ਅਰਜ਼ੀ ਦਿਓ:

- ਸੋਮਵਾਰ ਤੋਂ ਵੀਰਵਾਰ: ਸਵੇਰੇ 8:00 ਵਜੇ –ਸ਼ਾਮ 7:30 ਵਜੇ ਤਕ
- ਸ਼ੁੱਕਰਵਾਰ: ਸਵੇਰੇ 8:00 ਵਜੇ – ਸ਼ਾਮ 6:00 ਵਜੇ ਤਕ।
- ਸ਼ਨੀਵਾਰ: ਸਵੇਰੇ 7:30 ਵਜੇ – ਸ਼ਾਮ 8:00 ਵਜੇ ਤਕ।

### ਕੋਈ ਵਿਅਕਤੀ ਕਿੰਨੀ ਜਲਦੀ ਬੇਰੁਜ਼ਗਾਰੀ ਬੀਮੇ ਲਈ ਦਾਅਵਾ ਦਾਇਰ ਕਰ ਸਕਦਾ ਹੈ?

ਵਿਅਕਤੀ ਉਨ੍ਹਾਂ ਨੂੰ ਨੌਕਰੀ ਤੋਂ ਕੱਢੇ ਜਾਣ ਜਾਂ ਉਨ੍ਹਾਂ ਦੇ ਕੰਮ ਦੇ ਘੰਟ ਘਟਾਏ ਜਾਣ ਦੇ ਤੁਰੰਤ ਬਾਅਦ ਹੀ ਦਾਅਵਾ ਦਾਇਰ ਕਰ ਸਕਦੇ ਹਨ। ਵੱਡੀ ਸੰਖਿਆ ਵਿੱਚ ਅਰਜ਼ੀਆਂ ਪ੍ਰਾਪਤ ਹੋਣ ਦੇ ਕਾਰਨ, ਕਿਰਤ ਵਿਭਾਗ (Department of Labor) ਨੇ ਬਿਨੈਕਾਰ ਦੇ ਨਾਂ ਦੇ ਆਖਰੀ ਹਿੱਸੇ ਪਹਿਲੇ ਅੱਖਰ ਦੇ ਆਧਾਰ ਉੱਤੇ ਨਵੀਂ ਅਰਜ਼ੀ ਪ੍ਰਕਿਰਿਆ ਲਾਗੂ ਕੀਤੀ ਹੈ

- A – F : ਸੋਮਵਾਰ
- G – N : ਮੰਗਲਵਾਰ
- O – Z : ਬੁੱਧਵਾਰ
- ਉਸ ਦਿਨ ਦਾਅਵਾ ਦਾਇਰ ਨਾ ਕਰ ਪਾਉਣ ਦੀ ਸਥਿਤੀ ਵਿੱਚ: ਵੀਰਵਾਰ, ਸ਼ੁੱਕਰਵਾਰ, ਅਤੇ ਸ਼ਨੀਵਾਰ

ਸਾਰੇ ਦਾਅਵੇ ਉਸ ਹਫ਼ਤੇ ਦੇ ਸੋਮਵਾਰ ਤੋਂ ਪ੍ਰਭਾਵੀ ਹੋਣਗੇ ਜਿਸ ਵਿੱਚ ਉਹ ਦਾਇਰ ਕੀਤੇ ਗਏ ਹਨ। ਹਫ਼ਤੇ ਦਾ ਉਹ ਦਿਨ ਜਿਸ ਵਿੱਚ ਦਾਅਵਾ ਦਾਇਰ ਕੀਤਾ ਗਿਆ ਹੈ, ਬੇਰੁਜ਼ਗਾਰੀ ਬੀਮਾ ਭੁਗਤਾਨਾਂ ਵਿੱਚ ਦੇਰੀ ਨਹੀਂ ਕਰੇਗਾ।

**ਇੱਕ ਯੋਗ ਵਿਅਕਤੀ ਕਿੰਨੀ ਜਲਦੀ ਬੇਰੁਜ਼ਗਾਰੀ ਬੀਮਾ ਪ੍ਰਾਪਤ ਕਰਨਾ ਸ਼ੁਰੂ ਕਰੇਗਾ?**

ਵਿਅਕਤੀਆਂ ਨੂੰ ਇਕ ਸਾਲ ਦੀ ਮਿਆਦ ਵਿਚ ਬੇਰੁਜ਼ਗਾਰੀ ਦੇ ਪਹਿਲੇ ਹਫ਼ਤੇ ਤੋਂ ਲੈਕੇ ਵੱਧ ਤੋਂ ਵੱਧ 26 ਹਫ਼ਤਿਆਂ ਤਕ ਭੁਗਤਾਨ ਕੀਤਾ ਜਾਵੇਗਾ। ਕੁਝ ਖਾਸ ਸਥਿਤੀਆਂ ਵਿੱਚ, ਸੂਬਾ ਬੇਰੁਜ਼ਗਾਰੀ ਦੇ ਲਾਭਾਂ ਦੀ ਅਦਾਇਗੀ ਨੂੰ 26 ਹਫ਼ਤਿਆਂ ਤੋਂ ਬਾਅਦ ਤਕ ਵਧਾ ਸਕਦਾ ਹੈ।

**ਇੱਕ ਸਾਬਕਾ ਕਰਮਚਾਰੀ ਨੂੰ ਬੇਰੁਜ਼ਗਾਰੀ ਬੀਮਾ ਲਾਭ ਪ੍ਰਾਪਤ ਕਰਨ ਦੀ ਯੋਗਤਾ ਦਰਸਾਉਣ ਲਈ ਕੀ ਦਿਖਾਉਣਾ ਚਾਹੀਦਾ ਹੈ?**

ਸਾਬਕਾ ਕਰਮਚਾਰੀ ਨੂੰ ਲਾਜ਼ਮੀ ਤੌਰ ‘ਤੇ (1) ਹਾਲ ਹੀ ਕੀਤੇ ਕੰਮ ਦੇ ਇਤਿਹਾਸ ਨੂੰ ਸਾਬਤ ਕਰਨਾ ਹੋਏਗਾ, (2) ਆਪਣੀ ਕਿਸੇ ਗਲਤੀ ਦੇ ਨਾ ਹੋਣ ਕਾਰਨ ਕੰਮ ਤੋਂ ਕੱਢਿਆ ਗਿਆ ਹੋਣਾ ਚਾਹੀਦਾ, (3) ਕੰਮ ਕਰਨ ਲਈ ਤਿਆਰ, ਇੱਛੁਕ ਅਤੇ ਯੋਗ ਹੋਣਾ ਚਾਹੀਦਾ ਹੈ, ਅਤੇ (4) ਸਰਗਰਮੀ ਨਾਲ ਕੰਮ ਦੀ ਭਾਲ ਕਰਨੀ ਚਾਹੀਦੀ ਹੈ।

- *ਨੋਟ*: ਜਦਕਿ 3/13/2020 ਤੋਂ, COVID-19 ਸੰਕਟ ਕਿਸੇ ਸਾਬਕਾ ਕਰਮਚਾਰੀ ਨੂੰ "ਸਰਗਰਮੀ ਨਾਲ ਕੰਮ ਦੀ ਭਾਲ ਕਰਨ" ਤੋਂ ਰੋਕ ਸਕਦਾ ਹੈ, ਸੂਬੇ ਨੇ ਇਸ ਜ਼ਰੂਰਤ ਨੂੰ ਮੁਕਤ ਨਹੀਂ ਕੀਤਾ ਹੈ।

**ਜੇ ਕਿਸੇ ਸਾਬਕਾ ਕਰਮਚਾਰੀ ਨੂੰ ਬਿਨਾਂ ਉਸਦੀ ਕਿਸੇ ਗਲਤੀ ਤੋਂ ਕੱਢਿਆ ਗਿਆ ਹੈ ਤਾਂ ਕੀ ਉਹ ਕਿਸੇ ਬਗੈਰ-ਵਰਤੀ ਬਿਮਾਰੀ ਦੀ ਛੁੱਟੀ ਜਾਂ ਛੁੱਟੀ ਦੇ ਦਿਨਾਂ ਲਈ ਅਦਾਇਗੀ ਪ੍ਰਾਪਤ ਕਰ ਸਕਦਾ ਹੈ?**

ਕਰਮਚਾਰੀਆਂ ਨੂੰ ਆਪਣੀ ਸਾਬਕਾ ਕਰਮਚਾਰੀ ਦੀ ਨੀਤੀ ਪੜ੍ਹ ਕੇ ਇਹ ਨਿਰਧਾਰਿਤ ਕਰਨਾ ਚਾਹੀਦਾ ਹੈ ਕਿ ਕੀ ਉਨ੍ਹਾਂ ਦੀ ਕੋਈ ਛੁੱਟੀ ਦੀ ਅਦਾਇਗੀ ਬਾਕੀ ਹੈ। ਜੇ ਕਰਮਚਾਰੀ ਨੇ ਆਪਣੇ ਪੂਰਵ ਰੁਜ਼ਗਾਰਦਾਤੇ ਤੋਂ ਛੁੱਟੀ ਦੇ ਦਿਨ ਅਰਜਿਤ ਕੀਤੇ ਹਨ ਅਤੇ ਨੌਕਰੀ ਤੋਂ ਕੱਢੇ ਜਾਣ ਤੋਂ ਬਾਅਦ ਇਸਲਈ ਕੋਈ ਭੁਗਤਾਨ ਪ੍ਰਾਪਤ ਨਹੀਂ ਕੀਤਾ, ਤਾਂ ਉਹ NYS Department of Labor ਨੂੰ ਸ਼ਿਕਾਇਤ ਦਰਜ ਕਰਾ ਸਕਦਾ ਹੈ। ਨਿਊ ਯਾਰਕ ਸ਼ਹਿਰ ਵਿੱਚ, ਰੁਜ਼ਗਾਰਦਾਤੇ ਦੀ ਸਾਬਕਾ ਕਰਮਚਾਰੀ ਨੂੰ ਬਗੈਰ-ਵਰਤੇ ਬਿਮਾਰੀ ਦੇ ਛੁੱਟੀ ਦੇ ਦਿਨਾਂ ਦੀ ਅਦਾਇਗੀ ਕਰਨ ਦੀ ਕੋਈ ਕਨੂੰਨੀ ਬੰਦਸ਼ ਨਹੀਂ ਹੈ ਪਰ ਕੁਝ ਰੁਜ਼ਗਾਰਦਾਤਿਆਂ ਦੀ ਅਜਿਹਾ ਕਰਨ ਦੀਆਂ ਨੀਤੀਆਂ ਹੋ ਸਕਦੀਆਂ ਹਨ।

**ਕੀ ਪ੍ਰਵਾਸੀ ਵਰਕਰ, ਬੇਰੁਜ਼ਗਾਰੀ ਬੀਮਾ ਲਈ ਹੱਕਦਾਰ ਹੈ?**

ਹਾਂ, ਪਰ ਉਹ ਵਰਕਰ ਆਮ ਤੌਰ ‘ਤੇ ਆਪਣੀਆਂ ਪਿਛਲੀਆਂ ਕਮਾਈਆਂ ਦੇ ਸਮੇਂ ਅਤੇ ਲਾਭਾਂ ਲਈ ਅਰਜ਼ੀ ਦੇਣ ਦੇ ਸਮੇਂ ਦੋਹਾਂ ਤੇ ਕੰਮ ਲਈ ਅਧਿਕਾਰਤ ਕੀਤਾ ਗਿਆ ਹੋਣਾ ਚਾਹੀਦਾ ਹੈ।

**ਇੱਕ ਵਿਅਕਤੀ ਕਿੰਨਾ ਬੇਰੁਜ਼ਗਾਰੀ ਬੀਮਾ ਪ੍ਰਾਪਤ ਕਰੇਗਾ?**

ਇੱਕ ਵਿਅਕਤੀ ਆਪਣੀਆਂ ਪਿਛਲੀਆਂ ਕਮਾਈਆਂ ਉੱਤੇ ਨਿਰਭਰ ਕਰਦੇ ਹੋਏ $104 ਤੋਂ $504 ਪ੍ਰਤੀ ਹਫ਼ਤਾ ਪ੍ਰਾਪਤ ਕਰੇਗਾ।

**ਕੀ ਨਿਊਯਾਰਕ ਸ਼ਹਿਰ ਨਿਰਧਾਰਿਤ ਕਰਦਾ ਹੈ ਕਿ ਕੋਈ ਸਾਬਕਾ ਕਰਮਚਾਰੀ ਬੇਰੁਜ਼ਗਾਰੀ ਬੀਮਾ ਪ੍ਰਾਪਤ ਕਰਨ ਲਈ ਹੱਕਦਾਰ ਹੈ ਜਾਂ ਨਹੀਂ?**

ਨਹੀਂ। ਇਹ ਨਿਰਧਾਰਨ NYS Department of Labor ਦੁਆਰਾ ਕੀਤਾ ਜਾਂਦਾ ਹੈ, ਨਾ ਕਿ ਸ਼ਹਿਰ ਜਾਂ ਰੁਜ਼ਗਾਰਦਾਤਾ ਦੁਆਰਾ।

## ਬੇਰੁਜ਼ਗਾਰਾਂ ਲਈ ਸਿਹਤ ਬੀਮਾ

**ਇੱਕ ਸਾਬਕਾ ਕਰਮਚਾਰੀ ਲਈ ਸਿਹਤ ਬੀਮਾ ਪ੍ਰਾਪਤ ਕਰਨਾ ਜਾਰੀ ਰੱਖਣ ਲਈ ਕੀ ਕਰਨਾ ਲਾਜ਼ਮੀ ਹੈ?**

ਸਾਬਕਾ ਕਰਮਚਾਰੀ ਨਿਮਨਲਿਖਤ ਕਰ ਸਕਦਾ ਹੈ:

1. ਸਟੇਟ ਮਾਰਕਿਟਪਲੇਸ ਉੱਤੇ ਸਿਹਤ ਦੇਖਭਾਲ ਕਵਰੇਜ ਨੂੰ ਖਰੀਦਣ ਲਈ NY State of Health ਵੈਬਸਾਈਟ ‘ਤੇ ਜਾ ਸਕਦਾ ਹੈ (https://nystateofhealth.ny.gov/); ਜਾਂ
2. COBRA ਦੇ ਤਹਿਤ ਸਿਹਤ ਬੀਮੇ ਦੀ ਖਰੀਦ ਨੂੰ ਜਾਰੀ ਰੱਖਣ ਲਈ ਆਪਣੇ ਪੂਰਵ ਰੁਜ਼ਗਾਰਦਾਤਾ ਨੂੰ ਸੰਪਰਕ ਕਰ ਸਕਦਾ ਹੈ ਤਾਂ ਜੋ ਆਪਣੇ ਨੌਕਰੀ-ਆਧਾਰਿਤ ਸਿਹਤ ਬੀਮੇ ਨੂੰ ਜਾਰੀ ਰੱਖਿਆ ਜਾ ਸਕੇ, ਜੇ ਸੂਬੇ ਨੂੰ ਕਰਮਚਾਰੀ ਦੇ ਪਾਤਰ ਹੋਣ ਦਾ ਪਤਾ ਲੱਗਦਾ ਹੈ ਅਤੇ ਰੁਜ਼ਗਾਰਦਾਤਾ ਦਾ ਹੈਲਥ ਪਲਾਨ ਯੋਗ ਠਹਿਰਾਇਆ ਜਾਂਦਾ ਹੈ।

**ਜੇ ਸਾਬਕਾ ਕਰਮਚਾਰੀ ਉੱਪਰਲੇ ਸਿਹਤ ਬੀਮਾ ਵਿਕਲਪਾਂ ਲਈ ਯੋਗ ਨਹੀਂ ਠਹਿਰਾਇਆ ਜਾਂਦਾ ਜਾਂ ਇਸਨੂੰ ਖਰੀਦਣ ਦੇ ਸਮਰੱਥ ਨਹੀਂ ਹੈ, ਤਾਂ ਕੀ ਹੋਏਗਾ?**

ਸਾਬਕਾ ਕਰਮਚਾਰੀ NYC Health + Hospitals ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਪ੍ਰਾਪਤ ਕਰਨ ਲਈ NYC Care ਵਿੱਚ ਭਰਤੀ ਹੋਣ ਲਈ ਅਰਜ਼ੀ ਦੇ ਸਕਦਾ ਹੈ।

- ਨੋਟ: NYC Care ਕੋਈ ਬੀਮਾ ਯੋਜਨਾ ਨਹੀਂ ਹੈ ਪਰ ਇਹ NYC Health + Hospitals ਦੁਆਰਾ, ਆਮਦਨੀ ਅਤੇ ਪਰਿਵਾਰ ਦੇ ਆਕਾਰ ਦੇ ਆਧਾਰ ਤੇ ਛੂਟ ਦਰ 'ਤੇ, ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਗਰੰਟੀ ਦਿੰਦਾ ਹੈ।

## ਹੋਰ ਸਹਾਇਤਾ

ਹੋਰ ਸਹਾਇਤਾ ਲਈ ਵਰਕਰ ਕਿਹੜੀਆਂ ਬਗੈਰ-ਲਾਗਤ ਦੀਆਂ ਕਨੂੰਨੀ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹਨ?

- Legal Aid Society: (888) 663-6880
- Legal Services NYC: (917) 661-4500
- New York Legal Assistance Group: (212) 613-5000
- Unemployment Action Center: (212) 998-6568